# ਸਾਡਾ ਪਿਤਾ

ਅਤੇ ਸਾਡੇ ਲਈ ਉਸ ਦਾ ਪਿਆਰ

- 1 ਸਮੂਏਲ 16:8 ਯਹੋਵਾਹ ਜੋ ਮਨੁੱਖ ਵਾਂਙੁ ਨਹੀਂ ਵੇਖਦਾ। ਮਨੁੱਖ ਤਾਂ ਬਾਹਰਲਾ ਰੂਪ ਵੇਖਦਾ ਹੈ ਪਰ **ਯਹੋਵਾਹ ਰਿਦੇ ਨੂੰ ਵੇਖਦਾ ਹੈ।**
- ਕਹਾਉਤਾਂ 16:2 ਮਨੁੱਖ ਦੀ ਸਾਰੀ ਚਾਲ ਉਹ ਦੀ ਆਪਣੀ ਨਿਗਾਹ ਵਿੱਚ ਸੁੱਧ ਹੈ, ਪਰ **ਯਹੋਵਾਹ ਰੂਹਾਂ ਨੂੰ ਜਾਚਦਾ ਹੈ।**
- 1 ਕੁਰਿੰਥੀਆਂ 4:5 ਇਸ ਲਈ ਜਿੰਨਾ ਚਿਰ ਪ੍ਰਭੂ ਨਾ ਆਵੇ ਤੁਸੀਂ ਸਮੇਂ ਤੋਂ ਪਹਿਲਾਂ ਕਿਸੇ ਗੱਲ ਦਾ ਨਬੇੜਾ ਨਾ ਕਰੋ। ਉਹ ਤਾਂ ਅਨ੍ਹੇਰੇ ਦੀਆਂ ਗੁਪਤ ਗੱਲਾਂ ਨੂੰ **ਪਰਕਾਸ਼ ਕਰੇਗਾ** ਅਤੇ **ਮਨ** ਦੀਆਂ **ਦਲੀਲਾਂ ਨੂੰ ਪਰਗਟ ਕਰੇਗਾ** ਅਤੇ ਉਸ ਵੇਲੇ ਹਰ ਕਿਸੇ ਨੂੰ ਪਰਮੇਸ਼ਰ ਦੀ ਵੱਲੋਂ ਵਡਿਆਈ ਮਿਲੇਗੀ।
- ਯਾਕੂਬ 4:3 ਤੁਸੀਂ ਮੰਗਦੇ ਹੋ ਪਰ ਲੱਭਦਾ ਨਹੀਂ ਕਿਉਂ ਜੋ **ਬਦਨੀਤੀ** ਨਾਲ ਮੰਗਦੇ ਹੋ ਭਈ ਆਪਣਿਆਂ ਭੋਗ ਬਿਲਾਸਾਂ ਵਿੱਚ ਉਡਾ ਦਿਓ।

- ਗਲਾਤੀਆਂ 5:6 ਕਿਉਂ ਜੋ ਮਸੀਹ ਯਿਸੂ ਵਿੱਚ ਨਾ ਤਾਂ ਸੁੰਨਤ, ਨਾ ਹੀ ਅਸੁੰਨਤ ਤੋਂ ਕੁਝ ਬਣਦਾ ਹੈ ਸਗੋਂ **ਨਿਹਚਾ ਤੋਂ ਜਿਹੜੀ ਪ੍ਰੇਮ ਦੇ ਰਾਹੀਂ ਗੁਣਕਾਰ ਹੁੰਦੀ ਹੈ।**
- ਗਲਾਤੀਆਂ 5:13 ਹੇ ਭਰਾਵੋ, ਤੁਸੀਂ ਤਾਂ ਅਜ਼ਾਦੀ ਲਈ ਸੱਦੇ ਗਏ ਸਾਓ ਪਰ ਆਪਣੀ ਅਜ਼ਾਦੀ ਨੂੰ ਸਰੀਰ ਲਈ ਔਸਰ ਜਾਣ ਕੇ ਨਾ ਵਰਤੋ ਸਗੋਂ **ਪ੍ਰੇਮ ਦੇ ਰਾਹੀਂ ਇੱਕ ਦੂਏ ਦੀ ਟਹਿਲ ਸੇਵਾ ਕਰੋ।**
- 1 ਕੁਰਿੰਥੀਆਂ 13:13 ਹੁਣ ਤਾਂ ਨਿਹਚਾ, ਆਸ਼ਾ, ਪ੍ਰੇਮ, ਇਹ ਤਿੰਨੇ ਰਹਿੰਦੇ ਹਨ ਪਰ **ਏਹਨਾਂ ਵਿੱਚੋਂ ਉੱਤਮ ਪ੍ਰੇਮ ਹੀ ਹੈ।**
- ਨੀਂਹ – ਜਿਸ ਉੱਤੇ ਮਸੀਹਅਤ ਵਿੱਚ ਬਾਕੀ ਸਭ ਕੁਝ ਉਸਾਰਿਆ ਗਿਆ ਹੈ, ਉਹ **ਪਿਆਰ** ਹੈ।
- 1 ਯੂਹੰਨਾ 4:8 ਜਿਹੜਾ **ਪ੍ਰੇਮ ਨਹੀਂ ਕਰਦਾ** ਉਹ ਪਰਮੇਸ਼ਰ ਨੂੰ ਨਹੀਂ **ਜਾਣਦਾ**
- ਕਿਉਂ ਜੋ **ਪਰਮੇਸ਼ਰ ਪ੍ਰੇਮ ਹੈ।**

- 1 ਤਿਮੋਥਿਉਸ 1:5 ਪਰ ਆਗਿਆ ਦਾ **ਤਾਤਪਰਜ** ਉਹ **ਪ੍ਰੇਮ** ਹੈ ਜਿਹੜਾ **ਸ਼ੁੱਧ ਮਨ** ਅਤੇ **ਸਾਫ਼ ਅੰਤਹਕਰਨ** ਅਤੇ ਨਿਸ਼ਕਪਟ **ਨਿਹਚਾ** ਤੋਂ ਹੁੰਦਾ ਹੈ।
  - ਜ਼ਬੂਰ 51:10 ਹੇ ਪਰਮੇਸ਼ਰ, ਮੇਰੇ ਲਈ ਇੱਕ ਪਾਕ ਮਨ ਉਤਪੰਨ ਕਰ, ਅਤੇ ਮੇਰੇ ਅੰਦਰ ਨਵੇਂ ਸਿਰੇ ਤੋਂ ਸਥਿਰ ਆਤਮਾ ਵੀ।
- 1 ਯੂਹੰਨਾ 4:19 ਅਸੀਂ ਪ੍ਰੇਮ ਕਰਦੇ ਹਾਂ ਇਸ ਲਈ ਜੋ ਪਹਿਲਾਂ ਉਹ ਨੇ ਸਾਡੇ ਨਾਲ ਪ੍ਰੇਮ ਕੀਤਾ।
- ਇਸ ਲਈ ਸਾਡੇ ਪਿਤਾ ਦੇ ਸਾਡੇ ਲਈ ਪਿਆਰ ਨੂੰ ਹੋਰ ਚੰਗੀ ਤਰ੍ਹਾਂ ਸਮਝਣ ਲਈ . . . ਇਹ ਅਧਿਐਨ

ਇੱਕ ਅਧਿਐਨ: ਰੋਮੀਆਂ 8:28-30

ਅਸੀਂ **ਜਾਣਦੇ** ਹਾਂ ਭਈ ਜਿਹੜੇ **ਪਰਮੇਸ਼ਰ ਨਾਲ ਪ੍ਰੇਮ ਰੱਖਦੇ ਹਨ** ਸਾਰੀਆਂ ਵਸਤਾਂ ਰਲ ਕੇ ਓਹਨਾਂ ਦਾ ਭਲਾ ਕਰਦੀਆਂ ਹਨ ਅਰਥਾਤ ਓਹਨਾਂ ਦਾ ਜਿਹੜੇ ਪਰਮੇਸ਼ਰ ਦੀ ਮਨਸ਼ਾ ਦੇ ਅਨੁਸਾਰ **ਸੱਦੇ** ਹੋਏ ਹਨ। ਕਿਉਂਕਿ ਜਿਨ੍ਹਾਂ ਨੂੰ ਉਹ ਨੇ **ਪਹਿਲਾਂ ਤੋਂ ਜਾਣਿਆ** ਸੀ ਉਸ ਨੇ ਓਹਨਾਂ ਨੂੰ **ਅੱਗਿਓਂ ਠਹਿਰਾਇਆ** ਭਈ ਉਹ ਦੇ ਪੁੱਤਰ ਦੇ ਸਰੂਪ ਉੱਤੇ ਬਣਨ ਭਈ ਉਹ ਬਹੁਤੇ ਭਰਾਵਾਂ ਵਿੱਚੋਂ ਜੇਠਾ ਹੋਵੇ। ਅਤੇ ਜਿਨ੍ਹਾਂ ਨੂੰ ਉਹ ਨੇ ਅੱਗਿਓਂ ਠਹਿਰਾਇਆ ਉਸ ਨੇ ਓਹਨਾਂ ਨੂੰ **ਸੱਦਿਆ** ਭੀ ਅਤੇ ਜਿਨ੍ਹਾਂ ਨੂੰ ਉਸ ਨੇ ਸੱਦਿਆ ਓਹਨਾਂ ਨੂੰ **ਧਰਮੀ ਭੀ ਠਹਿਰਾਇਆ** ਅਤੇ ਜਿਨ੍ਹਾਂ ਨੂੰ ਉਸ ਨੇ ਧਰਮੀ ਠਹਿਰਾਇਆ ਓਹਨਾਂ ਨੂੰ **ਵਡਿਆਈ ਭੀ ਦਿੱਤੀ**।

- ਯਸਾਯਾਹ 46:11 . . . ਹਾਂ, **ਮੈਂ ਬੋਲਿਆ** ਸੋ **ਮੈਂ ਨਿਭਾਵਾਂਗਾ**, ਮੈਂ ਠਾਣਿਆ ਸੋ **ਮੈਂ ਪੂਰਾ ਕਰਾਂਗਾ**।

ਯਸਾਯਾਹ 46: 8-11; 55:8-11 ਵੀ ਵੇਖੋ

- ਰੋਮੀਆਂ 8:28 ਅਸੀਂ ਜਾਣਦੇ ਹਾਂ ਭਈ **ਜਿਹੜੇ ਪਰਮੇਸ਼ਰ ਨਾਲ ਪ੍ਰੇਮ ਰੱਖਦੇ ਹਨ** ਸਾਰੀਆਂ ਵਸਤਾਂ ਰਲ ਕੇ ਓਹਨਾਂ ਦਾ ਭਲਾ ਕਰਦੀਆਂ ਹਨ **{ਕਿੰਨ੍ਹਾ ਦਾ}** ਅਰਥਾਤ ਓਹਨਾਂ ਦਾ ਜਿਹੜੇ ਪਰਮੇਸ਼ਰ ਦੀ ਮਨਸ਼ਾ ਦੇ ਅਨੁਸਾਰ **ਸੱਦੇ** ਹੋਏ ਹਨ।

- ਉਹ ਕੌਣ ਹਨ ਜੋ ਪਰਮੇਸ਼ੁਰ ਨੂੰ ਪਿਆਰ ਕਰਦੇ ਹਨ?

- . . . **ਜਿਹੜੇ ਪਰਮੇਸ਼ਰ ਦੀ ਮਨਸ਼ਾ** ਦੇ ਅਨੁਸਾਰ **ਸੱਦੇ ਹੋਏ ਹਨ। / ਉਸ ਦੀ ਯੋਜਨਾ।**

# I. ਉਹ ਕਿਸ ਨੂੰ ਸੱਦਦਾ ਹੈ?

. . . **ਜਿਨ੍ਹਾਂ** ਨੂੰ ਉਹ ਨੇ **ਪਹਿਲਾਂ ਤੋਂ ਜਾਣਿਆ** . . .

ਅਨਿਸ਼ਚਿਤ ਕਾਲ – ਭੂਤਕਾਲ ਵਿੱਚ ਇੱਕ ਸਮੇਂ ’ਤੇ ਕੰਮ ਹੋਇਆ ਅਤੇ ਪੂਰਾ ਕੀਤਾ ਗਿਆ।

ਕਿਰਿਆਸ਼ੀਲ ਭਾਸ਼ਣ – ਕਰਤਾ (ਪਰਮੇਸ਼ੁਰ) ਨੇ ਕੰਮ ਕੀਤਾ।

ਦਿਸ਼ਾਕਾਰੀ – ਕੰਮ ਨਿਸ਼ਚਿਤ ਸੀ ਅਤੇ ਜਾਣਿਆ ਗਿਆ ਸੀ।

**ਜਿਨ੍ਹਾਂ ਨੂੰ ਉਹ ਨੇ ਪਹਿਲਾਂ ਤੋਂ ਜਾਣਿਆ** –>ਜਿਨ੍ਹਾਂ ਨੂੰ ਉਹ ਸਦੀਪਕ ਭੂਤਕਾਲ ਦੇ ਵਿੱਚ ਉਨ੍ਹਾਂ ਦੇ ਜਨਮ ਤੋਂ ਪਹਿਲਾਂ ਜਾਣਦਾ ਸੀ। ਜਿਨ੍ਹਾਂ ਦੇ ਨਾਮ ਸੰਸਾਰ ਦੀ ਨੀਂਹ ਰੱਖਣ ਤੋਂ ਪਹਿਲਾਂ ਲੇਲੇ ਦੀ ਜੀਵਨ ਦੀ ਪੁਸਤਕ ਵਿੱਚ ਲਿਖੇ ਗਏ ਸਨ।

ਪਰਕਾਸ਼ ਦੀ ਪੋਥੀ 13:8 ਅਤੇ 17:8

- ਅਫਸੀਆਂ 1:4 ਜਿਵੇਂ **ਉਹ** ਨੇ **ਸਾਨੂੰ ਜਗਤ ਦੀ ਨੀਂਹ ਧਰਨ ਤੋਂ ਅੱਗੋਂ ਹੀ** ਉਸ ਵਿੱਚ **ਚੁਣ ਲਿਆ** (AMI) ਭਈ ਅਸੀਂ ਉਹ ਦੇ ਸਨਮੁਖ ਪ੍ਰੇਮ ਵਿੱਚ ਪਵਿੱਤਰ ਅਤੇ ਨਿਰਮਲ (ਹੋਣ ਲਈ ਪਹਿਲਾਂ ਹੀ ਠਹਿਰਾਏ ਗਏ) **ਹੋਈਏ**।

  ਯਿਸੂ ਦੇ ਲਹੂ ਦੁਆਰਾ
- 1 ਪਤਰਸ 1:1-3 ਉਨ੍ਹਾਂ ਪਰਦੇਸੀਆਂ ਨੂੰ . . . **ਜਿਹੜੇ** ਪਿਤਾ ਪਰਮੇਸ਼ਰ ਦੇ **ਅਗੇਤ੍ਰੇ ਗਿਆਨ** ਦੇ ਅਨੁਸਾਰ ਆਤਮਾ ਤੋਂ ਪਵਿੱਤਰ ਹੋਣ ਨਾਲ **ਚੁਣੇ ਹੋਏ ਹਨ** . . . ਆਪਣੀ ਅੱਤ ਦਯਾ ਦੇ ਅਨੁਸਾਰ ਯਿਸੂ ਮਸੀਹ ਦੇ ਮੁਰਦਿਆਂ ਵਿੱਚੋਂ ਜੀ ਉੱਠਣ ਦੇ ਕਾਰਨ ਸਾਨੂੰ ਜੀਉਂਦੀ ਆਸ ਲਈ ਨਵੇਂ **ਸਿਰਿਓਂ ਜਨਮ ਦਿੱਤਾ**।
- ਯੂਹੰਨਾ 15:16 **ਤੁਸਾਂ ਮੈਨੂੰ ਨਹੀਂ ਚੁਣਿਆ ਪਰ ਮੈਂ ਤੁਹਾਨੂੰ ਚੁਣਿਆ ਅਤੇ ਤੁਹਾਨੂੰ ਠਹਿਰਾਇਆ ਸੀ** !!!
- ਤਾਂ, ਤੁਸੀਂ ਕਿੰਨੇ ਖਾਸ ਹੋ???

- II. ਤੁਸੀਂ ਪਹਿਲਾਂ ਹੀ ਇਸ ਲਈ ਠਹਿਰਾਏ / ਨਿਰਧਾਰਤ ਕੀਤੇ ਗਏ ਸੀ . . .

ਰੋਮੀਆਂ 8:29 ਕਿਉਂਕਿ ਜਿਨ੍ਹਾਂ ਨੂੰ ਉਹ ਨੇ **ਪਹਿਲਾਂ ਤੋਂ ਜਾਣਿਆ** ਸੀ **ਉਸ** ਨੇ ਓਹਨਾਂ ਨੂੰ **ਅੱਗਿਓਂ ਠਹਿਰਾਇਆ** (AAI) **ਭਈ ਉਹ ਦੇ ਪੁੱਤਰ ਦੇ ਸਰੂਪ ਉੱਤੇ ਬਣਨ** ਭਈ ਉਹ ਬਹੁਤੇ ਭਰਾਵਾਂ ਵਿੱਚੋਂ ਜੇਠਾ ਹੋਵੇ।

ਅਫਸੀਆਂ 1:5 ਉਹ ਨੇ ਜੋ ਆਪਣੀ ਮਰਜ਼ੀ ਦੇ ਨੇਕ ਇਰਾਦੇ ਦੇ ਅਨੁਸਾਰ ਯਿਸੂ ਮਸੀਹ ਦੇ ਰਾਹੀਂ ਆਪਣੇ ਲਈ **ਸਾਨੂੰ** ਲੇਪਾਲਕ ਪੁੱਤਰ ਹੋਣ ਨੂੰ **ਅੱਗੋਂ ਹੀ ਠਹਿਰਾਇਆ** (AAI) ।

- ਅਫਸੀਆਂ 1:11 ਹਾਂ ਉਸੇ ਵਿੱਚ ਅਸੀਂ ਵੀ **ਉਹ ਦੀ ਧਾਰਨਾ** ਮੂਜਬ ਜਿਹੜਾ **ਆਪਣੀ ਇੱਛਿਆ** ਦੇ ਮਤੇ ਅਨੁਸਾਰ **ਸੱਭੋ ਕੁਝ ਕਰਦਾ ਹੈ ਅੱਗੋਂ ਹੀ ਠਹਿਰਾਏ ਜਾ ਕੇ** ਅਧਕਾਰ ਬਣ ਗਏ।

# III. ਇਸ ਲਈ: ਕਿਉਂਕਿ ਉਹ ਤੁਹਾਨੂੰ ਪਿਆਰ ਕਰਦਾ ਹੈ – ਉਸ ਨੇ ਤੁਹਾਨੂੰ ਸੱਦਿਆ।

- ਰੋਮੀਆਂ 8:30 ਅਤੇ **ਜਿਨ੍ਹਾਂ** ਨੂੰ ਉਹ ਨੇ ਅੱਗਿਓਂ ਠਹਿਰਾਇਆ **ਉਸ ਨੇ ਓਹਨਾਂ ਨੂੰ ਸੱਦਿਆ ਭੀ**
- 1 ਕੁਰਿੰਥੀਆਂ 1:23-24 ਪਰ ਅਸੀਂ ਸਲੀਬ ਦਿੱਤੇ ਹੋਏ ਮਸੀਹ ਦਾ ਪਰਚਾਰ ਕਰਦੇ ਹਾਂ। ਉਹ ਯਹੂਦੀਆਂ ਦੇ ਲੇਖੇ **ਠੋਕਰ ਦਾ ਕਾਰਨ** ਅਤੇ ਪਰਾਈਆਂ ਕੌਮਾਂ ਦੇ ਲੇਖੇ **ਮੂਰਖਤਾਈ** ਹੈ। ਪਰ ਉਨ੍ਹਾਂ ਦੇ ਲੇਖੇ **ਜਿਹੜੇ ਸੱਦੇ ਹੋਏ ਹਨ** . .
ਮਸੀਹ ਪਰਮੇਸ਼ਰ ਦੀ ਸ਼ਕਤੀ ਅਤੇ ਪਰਮੇਸ਼ਰ ਦਾ ਗਿਆਨ ਹੈ।
- **ਤੁਹਾਨੂੰ ਪਿਆਰ ਕੀਤਾ ਗਿਆ! ਤੁਸੀਂ ਬਚਾਏ ਗਏ ਹੋ! ਤੁਹਾਡੇ ਪਾਪ ਮਾਫ਼ ਕੀਤੇ ਗਏ ਹਨ ਅਤੇ ਤੁਹਾਨੂੰ ਸਦੀਪਕ ਜੀਵਨ ਦਿੱਤਾ ਗਿਆ ਹੈ!**
- ਇਬਰਾਨੀਆਂ 9:15 ਇਸੇ ਕਾਰਨ ਉਹ ਨਵੇਂ ਨੇਮ ਦਾ ਵਿਚੋਲਾ ਹੈ ਕਿਉਂਕਿ . . . **ਓਹ** ਜਿਹੜੇ **ਸੱਦੇ** ਹੋਏ ਹਨ **ਸਦੀਪਕਾਲ ਦੇ ਵਿਰਸੇ** ਦੇ **ਵਾਇਦੇ** ਨੂੰ ਪਰਾਪਤ ਕਰਨ।

- ਉਹ ਜਿਹੜੇ **ਪਰਮੇਸ਼ੁਰ ਨੂੰ ਪਿਆਰ ਕਰਦੇ ਹਨ** –> ਉਹ ਹਨ ਜਿਨ੍ਹਾਂ ਨੂੰ ਉਸ ਨੇ **ਪਹਿਲਾਂ ਹੀ ਜਾਣਿਆ** –> ਉਹ ਹਨ ਜਿਨ੍ਹਾਂ ਨੂੰ **ਪਹਿਲਾਂ ਹੀ ਠਹਿਰਾਇਆ** –> ਉਹ ਹਨ ਜਿਨ੍ਹਾਂ ਨੂੰ ਉਸ ਨੇ **ਸੱਦਿਆ** –>

ਇਸ ਲਈ ਅਸੀਂ ਆਪਣੇ ਪਿਤਾ ਅਤੇ ਆਪਣੇ ਮੁਕਤੀਦਾਤਾ ਯਿਸੂ ਮਸੀਹ ਨੂੰ **ਪਿਆਰ** ਕਰਦੇ ਹਾਂ।

- ਉਸ ਦਾ ਅਟੱਲ ਸੱਦਾ ਤੁਹਾਡੇ ਦਿਲ ਲਈ ਸੀ, ਨਾ ਕਿ ਤੁਹਾਡੇ ਦਿਮਾਗ ਲਈ। ਤੁਸੀਂ ਉਸ ਦੇ ਨਾਮ ਨੂੰ ਪੁਕਾਰਦੇ ਹੋ ਕਿਉਂਕਿ ਉਸ ਨੇ ਪਹਿਲਾਂ ਤੁਹਾਨੂੰ ਸੱਦਿਆ!
- 1 ਕੁਰਿੰਥੀਆਂ 1:2 ਅੱਗੇ ਜੋਗ ਪਰਮੇਸ਼ਰ ਦੀ **ਕਲੀਸਿਯਾ** (ਏਕਲੀਸੀਆਂ **ਲੋਕਾਂ ਨੂੰ ਬਾਹਰ ਸੱਦਿਆ**) ਨੂੰ ਜਿਹੜੀ ਕੁਰਿੰਥੁਸ ਵਿੱਚ ਹੈ ਅਰਥਾਤ **ਓਹਨਾਂ** ਨੂੰ ਜਿਹੜੇ ਮਸੀਹ ਯਿਸੂ ਵਿੱਚ ਪਵਿੱਤਰ ਕੀਤੇ ਹੋਏ ਅਤੇ ਸੰਤ ਹੋਣ ਲਈ ਸੱਦੇ ਹੋਏ ਹਨ ਉਨ੍ਹਾਂ **ਸਭਨਾਂ** ਸਣੇ ਜਿਹੜੇ ਹਰੇਕ ਥਾਂ **ਸਾਡੇ ਪ੍ਰਭੂ ਯਿਸੂ ਮਸੀਹ ਦਾ ਨਾਮ ਲੈਂਦੇ ਹਨ** ਜੋ ਉਨ੍ਹਾਂ ਦਾ ਨਾਲੇ ਸਾਡਾ ਪ੍ਰਭੂ ਹੈ।
- ਅਸੀਂ ਉਸ ਨੂੰ ਪੁਕਾਰਦੇ ਹਾਂ ਕਿਉਂਕਿ ਉਸ ਨੇ ਸਾਨੂੰ ਪਹਿਲਾਂ ਸੱਦਿਆ।
- 1 ਥੱਸਲੁਨੀਕੀਆ 5:24 **ਤੁਹਾਡਾ ਸੱਦਣ ਵਾਲਾ ਵਫ਼ਾਦਾਰ ਹੈ** ਅਤੇ ਉਹ **ਅਜਿਹਾ ਹੀ ਕਰੇਗਾ।**

- ਯੂਹੰਨਾ 10:3 . . . **ਭੇਡਾਂ ਉਹ ਦਾ ਬੋਲ ਸੁਣਦੀਆਂ ਹਨ** ਅਤੇ **ਉਹ ਆਪਣੀਆਂ ਭੇਡਾਂ ਨੂੰ ਨਾਉਂ ਲੈ ਲੈ ਕੇ ਬੁਲਾਉਂਦਾ ਹੈ** ਅਰ **ਉਨ੍ਹਾਂ ਨੂੰ** ਬਾਹਰ **ਲੈ ਜਾਂਦਾ ਹੈ।**

- ਯੂਹੰਨਾ 10:4 ਜਦ **ਉਹ ਆਪਣੀ ਸਾਰੀਆਂ** ਭੇਡਾਂ ਨੂੰ ਕੱਢ ਚੁੱਕਦਾ ਹੈ ਤਾਂ ਉਨ੍ਹਾਂ ਦੇ ਅੱਗੇ ਅੱਗੇ ਤੁਰ ਪੈਂਦਾ ਹੈ ਅਤੇ **ਭੇਡਾਂ ਉਹ ਦੇ ਮਗਰ ਮਗਰ ਲੱਗੀਆਂ ਜਾਂਦੀਆਂ ਹਨ** ਕਿਉਂ ਜੋ **ਓਹ ਉਸ ਦੀ ਅਵਾਜ਼ ਪਛਾਣਦੀਆਂ ਹਨ।**

- ਯੂਹੰਨਾ 10:26-29 **ਮੇਰੀਆਂ ਭੇਡਾਂ ਮੇਰੀ ਅਵਾਜ਼ ਸੁਣਦੀਆਂ ਹਨ** ਅਰ ਮੈਂ ਉਨ੍ਹਾਂ ਨੂੰ ਸਿਆਣਦਾ ਹਾਂ **ਅਤੇ ਓਹ ਮੇਰੇ ਮਗਰ ਲੱਗੀਆਂ ਆਉਂਦੀਆਂ ਹਨ।** ਮੈਂ **ਉਨ੍ਹਾਂ ਨੂੰ ਸਦੀਪਕ ਜੀਉਣ ਦਿੰਦਾ ਹਾਂ** ਅਰ ਉਨ੍ਹਾਂ ਦਾ ਸਦੀਪਕਾਲ ਤੀਕ **ਕਦੇ ਨਾਸ ਨਾ ਹੋਵੇਗਾ**, ਨਾ ਕੋਈ ਉਨ੍ਹਾਂ ਨੂੰ ਮੇਰੇ ਹੱਥੋਂ ਖੋਹ ਲਵੇਗਾ।

V. ਇਸ ਸੱਚਾਈ ਨੂੰ ਜਾਣਨਾ ਸਾਨੂੰ ਸਾਡੇ ਪਿਤਾ ਅਤੇ ਪ੍ਰਭੂ ਯਿਸੂ ਮਸੀਹ ਲਈ ਭਰੋਸਾ ਅਤੇ ਪਿਆਰ ਦਿੰਦਾ ਹੈ। ਇਸ ਲਈ:

- 1 ਤਿਮੋਥਿਉਸ 6:12 ਨਿਹਚਾ ਦੀ ਚੰਗੀ **ਲੜਾਈ ਲੜ**, **ਸਦੀਪਕ ਜੀਵਨ** ਨੂੰ ਫੜ **ਜਿਹ ਦੇ ਲਈ ਤੂੰ ਸੱਦਿਆ ਗਿਆ** ਅਤੇ ਤੈਂ ਬਹੁਤਿਆਂ ਗਵਾਹਾਂ ਦੇ ਅੱਗੇ ਪੱਕਾ ਕਰਾਰ ਕੀਤਾ ਸੀ।

- 1 ਥੱਸਲੁਨੀਕੀਆ 2:12 ਜੋ ਤੁਸੀਂ **ਪਰਮੇਸ਼ਰ ਦੇ ਜੋਗ ਚਾਲ ਚੱਲੋ ਜਿਹੜਾ ਤੁਹਾਨੂੰ ਆਪਣੇ ਰਾਜ ਅਤੇ ਤੇਜ ਵਿੱਚ ਸੱਦਦਾ ਹੈ।**

- 1 ਪਤਰਸ 2:9 ਪਰ **ਤੁਸੀਂ** ਚੁਣਿਆ ਹੋਇਆ ਵੰਸ, ਜਾਜਕਾਂ ਦੀ ਸ਼ਾਹੀ ਮੰਡਲੀ, ਪਵਿੱਤਰ ਕੌਮ, ਪਰਮੇਸ਼ਰ ਦੀ ਖਾਸ ਪਰਜਾ ਹੋ **ਭਈ ਤੁਸੀਂ ਉਹ ਦਿਆਂ ਗੁਣਾਂ ਦਾ ਪਰਚਾਰ ਕਰੋ ਜਿਹ ਨੇ ਤੁਹਾਨੂੰ ਅਨ੍ਹੇਰੇ ਤੋਂ** ਆਪਣੇ ਅਚਰਜ ਚਾਨਣ ਵਿੱਚ **ਸੱਦ ਲਿਆ।**

- 1 ਕੁਰਿੰਥੀਆਂ 1:9 **ਪਰਮੇਸ਼ਰ ਵਫ਼ਾਦਾਰ ਹੈ ਜਿਹ ਦੇ ਰਾਹੀਂ ਤੁਸੀਂ ਉਹ ਦੇ ਪੁੱਤਰ ਯਿਸੂ ਮਸੀਹ ਸਾਡੇ ਪ੍ਰਭੂ ਦੀ ਸੰਗਤ ਲਈ ਸੱਦੇ ਗਏ ਸਾਓ।**

- ਰਸੂਲਾਂ ਦੇ ਕਰਤੱਬ 2:39 ਕਿਉਂਕਿ **ਇਹ ਕਰਾਰ ਤੁਹਾਡੇ** ਅਰ **ਤੁਹਾਡੇ ਬਾਲਕਾਂ ਦੇ ਨਾਲ ਹੈ** ਅਤੇ ਓਹਨਾਂ ਸਭਨਾਂ ਨਾਲ ਜਿਹੜੇ ਦੂਰ ਹਨ **ਜਿੰਨਿਆਂ ਨੂੰ** ਪ੍ਰਭੂ ਸਾਡਾ ਪਰਮੇਸ਼ਰ **ਆਪਣੇ ਕੋਲ ਬੁਲਾਵੇ।**

- **ਅਫਸੀਆਂ** 4:1-3 ਉਪਰੰਤ ਮੈਂ ਜੋ ਪ੍ਰਭੂ ਦੇ ਨਮਿੱਤ ਕੈਦੀ ਹਾਂ ਤੁਹਾਡੇ ਅੱਗੇ ਇਹ **ਬੇਨਤੀ** ਕਰਦਾ ਹਾਂ ਜੋ ਤੁਸੀਂ **ਜਿਸ ਸੱਦੇ ਨਾਲ ਸੱਦੇ ਹੋਏ ਹੋ ਉਹ ਦੇ ਜੋਗ** ਚਾਲ **ਚੱਲੋ।** ਅਰਥਾਤ ਪੂਰਨ ਅਧੀਨਗੀ ਨਰਮਾਈ, ਅਤੇ ਧੀਰਜ ਸਹਿਤ ਪ੍ਰੇਮ ਨਾਲ ਇੱਕ ਦੂਜੇ ਦੀ ਸਹਿ ਲਵੋ। ਅਤੇ ਮਿਲਾਪ ਦੇ ਬੰਧ ਵਿੱਚ ਆਤਮਾ ਦੀ ਏਕਤਾ ਦੀ ਪਾਲਨਾ ਕਰਨ ਦਾ ਜਤਨ ਕਰੋ।

# ਮੁਕਤੀ ਸੱਦੇ ਨਾਲ ਹੀ ਖਤਮ ਨਹੀਂ ਹੁੰਦੀ:

- ਜਿਨ੍ਹਾਂ ਨੂੰ ਉਸ ਨੇ **ਅੱਗੋਂ ਹੀ ਜਾਣਿਆ** –> ਉਨ੍ਹਾਂ ਨੂੰ ਉਸ ਨੇ **ਅੱਗੋਂ ਠਹਿਰਾਇਆ** ਵੀ –> ਉਸ ਨੇ **ਸੱਦਿਆ** ਵੀ –> ਉਸ ਨੇ **ਧਰਮੀ ਵੀ ਠਹਿਰਾਇਆ**

# VI. ਉਸ ਨੇ ਤੁਹਾਨੂੰ ਧਰਮੀ ਠਹਿਰਾਇਆ

- ਰੋਮੀਆਂ 8:30 **ਜਿਨ੍ਹਾਂ ਨੂੰ ਉਸ ਨੇ ਸੱਦਿਆ ਓਹਨਾਂ ਨੂੰ ਧਰਮੀ** ਭੀ **ਠਹਿਰਾਇਆ** (AAI)
- ਰੋਮੀਆਂ 3:24 ਸੋ ਉਹ ਦੀ ਕਿਰਪਾ ਨਾਲ ਉਸ ਨਿਸਤਾਰੇ ਦੇ ਕਾਰਨ ਜੋ ਮਸੀਹ ਯਿਸੂ ਤੋਂ ਹੁੰਦਾ ਹੈ ਓਹ **ਮੁਖ਼ਤ ਧਰਮੀ ਗਿਣੇ ਜਾਂਦੇ ਹਨ**। 5:9 ਸੋ ਜਦੋਂ ਅਸੀਂ ਹੁਣ ਉਹ ਦੇ **ਲਹੂ ਨਾਲ ਧਰਮੀ ਠਹਿਰਾਏ ਗਏ** ਤਾਂ ਇਸ ਨਾਲੋਂ ਬਹੁਤ ਵੱਧ ਕੇ ਅਸੀਂ ਉਹ ਦੇ ਰਾਹੀਂ ਉਸ ਕ੍ਰੋਧ ਤੋਂ **ਬਚ ਜਾਵਾਂਗੇ।**

- ਕੁਲੁੱਸੀਆਂ 2:13-15 ਅਤੇ **ਉਸ ਨੇ ਤੁਹਾਨੂੰ** ਜਿਹੜੇ ਆਪਣੇ ਅਪਰਾਧਾਂ ਅਤੇ ਆਪਣੇ ਸਰੀਰ ਦੀ ਅਸੁੰਨਤ ਦੇ ਕਾਰਨ ਮੋਏ ਹੋਏ ਸਾਓ ਉਹ ਦੇ ਨਾਲ **ਜਿਵਾਲਿਆ** ਕਿਉਂ ਜੋ ਉਸ ਨੇ ਸਾਡੇ **ਸਾਰੇ** ਅਪਰਾਧ **ਸਾਨੂੰ ਮਾਫ਼ ਕੀਤੇ**

ਉਸ ਨੇ ਇਹ ਕਿਵੇਂ ਕੀਤਾ???

- ਅਤੇ ਉਸ **ਲਿਖਤ** ਨੂੰ ਜਿਹੜੀ ਹੁਕਮਾਂ ਕਰਕੇ ਸਾਡੇ ਉਲਟ ਅਤੇ ਸਾਡੇ ਵਿਰੁੱਧ ਸੀ ਉਸ ਨੇ **ਮੇਸ ਦਿੱਤਾ** ਅਤੇ ਉਹ ਨੂੰ **ਸਲੀਬ ਉੱਤੇ ਕਿੱਲਾਂ ਨਾਲ ਠੋਕ ਕੇ ਵਿੱਚੋਂ ਚੁੱਕ ਸੁੱਟਿਆ।** ਅਤੇ ਸਾਡੇ ਪਾਪਾਂ ਦੇ ਧੱਬਿਆਂ ਨੂੰ ਧੋਂਦਾ ਹੋਇਆ ਯਿਸੂ ਦਾ ਲਹੂ ਹੇਠਾਂ ਵਹਿ ਗਿਆ! ਇਹ ਕਰਦੇ ਹੋਏ ਉਹ . . .

- ਉਸ ਨੇ **ਹਕੂਮਤਾਂ ਅਤੇ ਇਖ਼ਤਿਆਰਾਂ ਨੂੰ ਆਪਣੇ ਗਲੋਂ ਲਾਹ ਕੇ** ਅਤੇ **ਉਸੇ ਦੇ ਦੁਆਰਾ ਓਹਨਾਂ ਨੂੰ ਫਤਹ ਕਰ ਕੇ** ਖੁੱਲਮ-ਖੁੱਲਾ ਤਮਾਸ਼ਾ ਬਣਾਇਆ!!!

ਮੁਕਤੀ ਧਰਮੀ ਠਹਿਰਾਏ ਜਾਣ ਨਾਲ ਖਤਮ ਨਹੀਂ ਹੁੰਦੀ:

## VII. ਅਤੇ ਉਸ ਨੇ ਤੁਹਾਨੂੰ ਵਡਿਆਈ ਦਿੱਤੀ

- ਰੋਮੀਆਂ 8:30 ਜਿਨ੍ਹਾਂ ਨੂੰ ਉਸ ਨੇ ਧਰਮੀ ਠਹਿਰਾਇਆ ਓਹਨਾਂ ਨੂੰ **ਵਡਿਆਈ** ਭੀ **ਦਿੱਤੀ** (AAI)
- ਪਰਮੇਸ਼ੁਰ ਦੀ ਨਿਗਾਹ ਵਿੱਚ ਜੋ ਸ਼ੁਰੂਆਤ ਤੋਂ ਅੰਤ ਨੂੰ ਵੇਖਦਾ ਹੈ ਅਤੇ "ਜਿਹੜਾ ਆਪਣੀ ਇੱਛਿਆ ਦੇ ਮਤੇ ਅਨੁਸਾਰ ਸੱਭੋ ਕੁਝ ਕਰਦਾ ਹੈ" (ਅਫਸੀਆਂ 1:11)

ਪੂਰਾ ਹੋਇਆ ਹੈ!

- ਇਸ ਲਈ: ਤਾਂ **ਉਸ ਨੇ** ਉਨ੍ਹਾਂ ਧਰਮ ਦੇ ਕਰਮਾਂ ਕਰਕੇ ਨਹੀਂ ਜੋ ਅਸਾਂ ਕੀਤੇ ਸਗੋਂ ਆਪਣੇ ਰਹਮ ਦੇ ਅਨੁਸਾਰ ਨਵੇਂ ਜਨਮ ਦੇ ਅਸਨਾਨ ਅਤੇ ਪਵਿੱਤਰ ਆਤਮਾ ਦੇ ਨਵੇਂ ਬਣਾਉਣ ਦੇ ਵਸੀਲੇ ਨਾਲ **ਸਾਨੂੰ ਬਚਾਇਆ**। ਤੀਤੁਸ 3:5

- 2 ਤਿਮੋਥਿਉਸ 1:9 **ਜਿਸ ਸਾਨੂੰ ਬਚਾਇਆ** ਅਤੇ ਪਵਿੱਤਰ **ਸੱਦੇ ਨਾਲ ਸੱਦਿਆ**, **ਸਾਡੀਆਂ ਕਰਨੀਆਂ ਦੇ ਅਨੁਸਾਰ ਨਹੀਂ** ਸਗੋਂ **ਆਪਣੀ ਮਨਸ਼ਾ** ਦੇ ਅਤੇ ਉਸ **ਕਿਰਪਾ** ਦੇ ਅਨੁਸਾਰ ਜਿਹੜੀ ਮਸੀਹ ਯਿਸੂ ਵਿੱਚ **ਸਨਾਤਨ ਸਮਿਆਂ** ਤੋਂ **ਸਾਡੇ ਉੱਤੇ ਕੀਤੀ ਗਈ**।

- ਇਹ ਹੈ ਜਿਵੇਂ ਯਿਸੂ ਨੇ ਕਿਹਾ,

ਪੂਰਾ ਹੋਇਆ ਹੈ ! ਯੂਹੰਨਾ 19:30

- ਜਿਵੇਂ ਪਵਿੱਤਰ ਆਤਮਾ ਨੇ ਨਬੀ ਦੁਆਰਾ ਆਖਿਆ ਯਸਾਯਾਹ 46:11
- ਹਾਂ, **ਮੈਂ ਬੋਲਿਆ** ਸੋ **ਮੈਂ ਨਿਭਾਵਾਂਗਾ**, ਮੈਂ ਠਾਣਿਆ ਸੋ **ਮੈਂ ਪੂਰਾ ਕਰਾਂਗਾ।**
- ਯਸਾਯਾਹ 46:9-10 ਵੀ ਕਿਉਂ ਜੋ ਮੈਂ ਪਰਮੇਸ਼ਰ ਹਾਂ ਅਤੇ ਹੋਰ ਕੋਈ ਨਹੀਂ, ਪਰਮੇਸ਼ਰ, ਅਤੇ ਮੇਰੇ ਵਰਗਾ ਕੋਈ ਨਹੀਂ।
- **ਮੈਂ ਆਦ ਤੋਂ ਅੰਤ ਨੂੰ**, ਅਤੇ ਮੁੱਢ ਤੋਂ ਜੋ ਅਜੇ ਨਹੀਂ ਹੋਇਆ **ਦੱਸਦਾ ਹਾਂ**
- ਮੈਂ ਆਖਦਾ ਹਾਂ, **ਮੇਰੀ ਸਲਾਹ ਕਾਇਮ ਰਹੇਗੀ**, ਅਤੇ **ਮੈਂ ਆਪਣੀ ਸਾਰੀ ਇੱਛਿਆ ਨੂੰ ਪੂਰੀ ਕਰਾਂਗਾ।**

# ਬਚਾਉ ਯਹੋਵਾਹ ਵੱਲੋਂ ਹੀ ਹੈ! ਯੋਨਾਹ 2:9

- ਸਰਬ ਸ਼ਕਤੀਮਾਨ ਪ੍ਰਭੂ ਪਰਮੇਸ਼ੁਰ ਇੱਕ ਪਿਤਾ ਹੈ।
  ਉਹ ਆਪਣੇ ਬੱਚਿਆਂ ਨਾਲ ਪਿਆਰ ਕਰਦਾ ਹੈ।
- ਉਹ ਉਨ੍ਹਾਂ ਦੀ ਦੇਖਭਾਲ ਕਰਦਾ ਹੈ ਅਤੇ ਉਨ੍ਹਾਂ ਨੂੰ ਉਹ ਮੁਹੱਈਆ ਕਰਾਉਂਦਾ ਹੈ ਜਿਸ ਦੀ ਉਨ੍ਹਾਂ ਨੂੰ ਲੋੜ ਹੈ ਅਤੇ ਜੋ ਉਹ ਆਪਣੇ ਆਪ ਨਹੀਂ ਪਾ ਸਕਦੇ . . . ਮੁਕਤੀ!
- ਉਹ ਸਦੀਪਕ ਹੈ ਅਤੇ ਉਸ ਨੇ ਇਹ ਵੇਖਿਆ ਹੈ ਕਿ ਉਸ ਦੇ ਬੱਚੇ ਸਦੀਪਕ ਕਾਲ ਤੱਕ ਉਸ ਨਾਲ ਹੋਣਗੇ।
- **ਪਰਮੇਸ਼ਰ ਪ੍ਰੇਮ ਹੈ** (1 ਯੂਹੰਨਾ 4:8) ਅਤੇ **ਪ੍ਰੇਮ ਕਦੇ ਟਲਦਾ ਨਹੀਂ**

(1 ਕੁਰਿੰਥੀਆਂ 13:8)

- ਅਤੇ ਇਸ ਲਈ ਅਸੀਂ ਆਪਣੇ ਪਰਮੇਸ਼ੁਰ ਪਿਤਾ ਅਤੇ ਉਸ ਦੇ ਪੁੱਤਰ ਯਿਸੂ ਮਸੀਹ ਨਾਲ ਪਿਆਰ ਕਰਦੇ ਹਾਂ।

- **ਅਸੀਂ ਪ੍ਰੇਮ ਕਰਦੇ ਹਾਂ ਇਸ ਲਈ ਜੋ ਪਹਿਲਾਂ ਉਹ ਨੇ ਸਾਡੇ ਨਾਲ ਪ੍ਰੇਮ ਕੀਤਾ।** 1 ਯੂਹੰਨਾ 4:19

- ਇਬਰਾਨੀਆਂ 9:12 . . . ਆਪਣੇ ਹੀ ਲਹੂ ਦੇ ਰਾਹੀਂ ਪਵਿੱਤਰ ਅਸਥਾਨਾਂ ਦੇ ਅੰਦਰ **ਸਦੀਪਕ ਨਿਸਤਾਰਾ** ਕਮਾ ਕੇ ਇੱਕੋ ਵਾਰ ਅੰਦਰ ਗਿਆ।
15 ਇਸੇ ਕਾਰਨ ਉਹ ਨਵੇਂ ਨੇਮ ਦਾ ਵਿਚੋਲਾ ਹੈ ਕਿਉਂਕਿ ਇੱਕ ਮੌਤ ਹੋਈ ਹੈ ਜਿਹੜੀ ਪਹਿਲੇ ਨੇਮ ਦੇ ਅਪਰਾਧਾਂ ਤੋਂ ਛੁਡਾਉਂਦੀ ਹੈ . . . **ਓਹ** ਜਿਹੜੇ **ਸੱਦੇ ਹੋਏ ਹਨ ਸਦੀਪਕਾਲ ਦੇ ਵਿਰਸੇ ਦੇ ਵਾਇਦੇ** ਨੂੰ ਪਰਾਪਤ ਕਰਨ।

- ਸਾਡੀ **ਸਦੀਪਕ ਮੁਕਤੀ** – **ਇਹ ਪੂਰਾ ਕੀਤਾ ਗਿਆ ਕੰਮ ਹੈ**!

- **ਹਾਲਾਂਕਿ,** "ਗਰਜਦੇ ਹੋਏ ਸ਼ੀਂਹ" (1 ਪਤਰਸ 5:8) ਤੋਂ **ਮੇਰੀ ਰੋਜ਼ਾਨਾ ਦੀ ਮੁਕਤੀ** ਲਈ, ਜੋ ਭਾਲਦਾ ਫਿਰਦਾ ਹੈ ਕਿ ਕਿਸੇ ਨੂੰ ਪਾੜ ਖਾਵੇ . . .

- ਇਸ ਵਿਸ਼ੇ ਬਾਰੇ ਆਖਣ ਲਈ ਹੋਰ ਵੀ ਬਹੁਤ ਕੁਝ ਹੈ।
- ਤੁਹਾਨੂੰ ਇਹ ਨੋਟਸ ਇੱਥੇ ਮਿਲ ਸਕਦੇ ਹਨ:

www.treasurehisword.com ਸਫ਼ਾ 5

- ਜੇਕਰ ਤੁਸੀਂ ਉਸ ਲਈ ਸ਼ੁਕਰਗੁਜ਼ਾਰ ਹੋ ਜੋ ਉਸ ਨੇ ਤੁਹਾਡੇ ਲਈ ਕੀਤਾ ਹੈ ਅਤੇ ਤੁਸੀਂ ਆਪਣੇ ਪਿਤਾ ਅਤੇ ਪ੍ਰਭੂ ਯਿਸੂ ਮਸੀਹ ਨੂੰ ਪਿਆਰ ਕਰਦੇ ਹੋ . . .
- ਇਸ ਤਰ੍ਹਾਂ ਦਾ ਜੀਵਨ ਬਿਤਾਓ ਜੋ ਪਰਮੇਸ਼ੁਰ ਨੂੰ ਆਦਰ ਅਤੇ ਵਡਿਆਈ ਦਿੰਦਾ ਹੈ।
- ਤੁਹਾਡੇ ਪਿਆਰ, ਤੁਹਾਡੀ ਸ਼ੁਕਰਗੁਜ਼ਾਰੀ ਅਤੇ ਤੁਹਾਡੇ ਉਤਸ਼ਾਹ ਨੂੰ ਵਿਖਾਉਂਦੇ ਅਤੇ ਪਰਗਟ ਕਰਦੇ ਹੋਏ, ਕਿ ਉਸ ਨੇ ਤੁਹਾਨੂੰ ਅੱਗੋਂ ਹੀ ਠਹਿਰਾਇਆ – ਤੁਹਾਨੂੰ ਸੱਦਿਆ – ਤੁਹਾਨੂੰ ਧਰਮੀ ਠਹਿਰਾਇਆ – ਤੁਹਾਨੂੰ ਬਚਾਇਆ ਅਤੇ ਤੁਹਾਨੂੰ ਵਡਿਆਈ ਦਿੱਤੀ।

- ਤੁਸੀਂ ਇਸ ਤਰ੍ਹਾਂ ਦਾ ਜੀਵਨ ਕਿਵੇਂ ਬਿਤਾ ਸਕਦੇ ਹੋ ਜੋ ਪਰਮੇਸ਼ੁਰ ਨੂੰ ਆਦਰ ਅਤੇ ਵਡਿਆਈ ਦਿੰਦਾ ਹੈ?
- ਉੱਤਰ: ਕੇਵਲ ਉਸ ਹੱਦ ਤੱਕ ਜਿੰਨਾਂ ਤੁਸੀਂ ਪ੍ਰਭੂ ਯਿਸੂ ਮਸੀਹ ਅਤੇ ਆਪਣੇ ਸਵਰਗੀ ਪਿਤਾ ਨੂੰ ਪਿਆਰ ਕਰਦੇ ਹੋ।
- 2 ਕੁਰਿੰਥੀਆਂ 5:14-15 **ਮਸੀਹ ਦਾ ਪ੍ਰੇਮ ਸਾਨੂੰ ਮਜਬੂਰ ਕਰ ਲੈਂਦਾ ਹੈ** ਕਿਉਂ ਜੋ ਅਸੀਂ ਇਹ ਵਿਚਾਰ ਕਰਦੇ ਹਾਂ ਭਈ ਇੱਕ ਸਭਨਾਂ ਦੇ ਲਈ ਮੋਇਆ ਇਸੇ ਕਰਕੇ ਸੱਭੇ ਮੋਏ। ਅਤੇ ਉਹ ਸਭਨਾਂ ਦੇ ਲਈ ਮੋਇਆ ਭਈ ਜਿਹੜੇ ਜੀਉਂਦੇ ਹਨ **ਓਹ ਅਗਾਹਾਂ ਨੂੰ ਆਪਣੇ ਲਈ ਨਹੀਂ ਸਗੋਂ ਉਹ ਦੇ ਲਈ ਜੀਉਣ** ਜਿਹੜਾ ਉਨ੍ਹਾਂ ਦੇ ਲਈ ਮੋਇਆ ਅਤੇ ਫੇਰ ਜੀ ਉੱਠਿਆ।
- ਸਾਨੂੰ ਮਜ਼ਬੂਰ ਕਰ ਲੈਂਦਾ ਹੈ – ਸਾਨੂੰ ਫੜ ਲੈਂਦਾ ਹੈ / ਇੱਕ ਕੈਦੀ ਵਾਂਗ ਗ੍ਰਿਫਤਾਰ ਕਰ ਲੈਂਦਾ ਹੈ / ਮਜ਼ਬੂਰ ਕਰਨ ਲਈ / ਉਤਸ਼ਾਹਿਤ ਕਰਨ ਲਈ

- ਤੁਹਾਡੇ ਸਵਰਗੀ ਪਿਤਾ ਨੇ ਇਹ ਸਭ ਕੁਝ ਇਸ ਲਈ ਕੀਤਾ ਕਿਉਂਕਿ:

ਤੁਸੀਂ ਉਸ ਦੇ ਬੱਚੇ ਹੋ

ਉਹ ਆਪਣਿਆਂ ਦੀ ਦੇਖਭਾਲ ਕਰਦਾ ਹੈ।

ਉਹ ਤੁਹਾਨੂੰ ਪਿਆਰ ਕਰਦਾ ਹੈ!

ਤੁਸੀਂ ਬਹੁਤ ਖਾਸ ਹੋ!

ਅਤੇ ਉਸ ਲਈ ਕੀਮਤੀ ਹੋ!

- 1 ਯੂਹੰਨਾ 3:1 ਵੇਖੋ, ਪਿਤਾ ਨੇ ਸਾਡੇ ਨਾਲ **ਕਿਹੋ ਜਿਹਾ ਪ੍ਰੇਮ** ਕੀਤਾ ਹੈ ਜੋ ਅਸੀਂ **ਪਰਮੇਸ਼ਰ ਦੇ ਬਾਲਕ ਸਦਾਈਏ!**

- ਇਸ ਤਰ੍ਹਾਂ ਦਾ ਜੀਵਨ ਬਿਤਾਓ ਜੋ ਤੁਹਾਡੇ ਪਿਤਾ ਨੂੰ ਵਡਿਆਈ ਦਿੰਦਾ ਹੈ ਅਤੇ ਜਿਸ ਕਾਰਨ ਤੁਹਾਡਾ ਪਿਤਾ ਤੁਹਾਡੇ ਉੱਤੇ ਮਾਣ ਕਰੇ।

# ਯਿਸੂ ਆਪਣਿਆਂ ਦੀ ਦੇਖਭਾਲ ਕਰਦਾ ਹੈ।

ਪ੍ਰਭੂ ਯਿਸੂ ਅਜੇ ਵੀ ਸਿੰਘਾਸਣ ਉੱਤੇ ਹੈ
ਉਹ ਪਿਆਰ ਨਾਲ ਆਪਣਿਆਂ ਦੀ ਦੇਖਭਾਲ ਕਰਦਾ ਹੈ
ਉਸ ਦੇ ਵਾਅਦੇ ਸੱਚੇ ਹਨ – ਉਹ ਤੁਹਾਨੂੰ ਬਹੁਤ ਪਿਆਰ ਕਰਦਾ ਹੈ
ਉਹ ਹਮੇਸ਼ਾ ਆਪਣਿਆਂ ਦੀ ਦੇਖਭਾਲ ਕਰਦਾ ਹੈ

ਯਿਸੂ ਅਜੇ ਵੀ ਆਪਣੇ ਸਿੰਘਾਸਣ ਉੱਤੇ ਹੈ
ਉਹ ਆਪਣਿਆਂ ਲਈ ਰਾਜ ਕਰਦਾ ਹੈ
ਉਹ ਤੁਹਾਡੇ ਹੰਝੂਆਂ ਨੂੰ ਸਾਲਾਂ ਦੇ ਦੌਰਾਨ ਕੁੱਪੀ ਵਿੱਚ ਭਰਦਾ ਹੈ
ਉਹ ਤੁਹਾਡੇ ਵਾਲ ਗਿਣਦਾ ਹੈ ਕਿਉਂਕਿ ਉਹ ਸੱਚਮੁੱਚ ਦੇਖਭਾਲ ਕਰਦਾ ਹੈ
ਉਹ ਆਪਣਿਆਂ ਦਾ ਅਣਖ ਨਾਲ ਧਿਆਨ ਰੱਖਦਾ ਹੈ

ਤੁਸੀਂ ਉਸ ਦੀ ਨਜ਼ਰ ਵਿੱਚ ਅਣਮੋਲ ਹੋ
ਉਸ ਦੀ ਨਿਗਾਹ ਵਿੱਚ ਇੱਕ ਕੀਮਤੀ ਖਜ਼ਾਨਾ
ਤੁਹਾਡੇ ਲਈ ਉਸ ਨੇ ਆਪਣਾ ਸਿੰਘਾਸਣ ਛੱਡਿਆ
ਉਹ ਆਪਣਿਆਂ ਲਈ ਹੇਠਾਂ ਆਇਆ

ਉਹ ਤੁਹਾਡੇ ਲਈ ਵੱਢਿਆ ਗਿਆ
ਉਸ ਦੇ ਲਹੂ ਦੁਆਰਾ ਤੁਸੀਂ ਗ੍ਰਹਿਣ ਕੀਤੇ ਗਏ
ਉਸ ਦਾ ਖਜ਼ਾਨਾ ਲੱਭਿਆ ਗਿਆ
ਮਿੱਟੀ ਵਿੱਚੋਂ ਛੁਡਾਇਆ ਗਿਆ

ਜਿੱਤ ਦੀ ਇੱਕ ਚੀਕ ਨਾਲ, ਉਹ ਆਪਣੇ ਸਿੰਘਾਸਣ ਨੂੰ ਮੁੜਿਆ
ਅਤੇ ਆਪਣਿਆਂ ਲਈ ਆਪਣੀ ਸੱਜੀ ਬਾਂਹ ਨੂੰ ਚੁੱਕਦਾ ਹੈ

ਆਸ ਨਾਲ ਉਹ ਉਡੀਕ ਕਰਦਾ ਹੈ
ਹਰੇਕ ਨੂੰ ਉਸ ਦੇ ਸਥਾਨ ਉੱਤੇ ਲਿਆਉਣ ਲਈ
ਉਸ ਦੇ ਨਾਲ ਉਸ ਦੇ ਸਿੰਘਾਸਣ ਉੱਤੇ
ਉਸ ਦੀ ਮਹਿਮਾ ਦੇ ਮੁਕਟ
ਮਾਣ ਨਾਲ ਉਸ ਦੇ ਆਪਣਿਆਂ ਵਾਂਗ ਵਿਖਾਏ ਗਏ

ਨਵੀਂ ਦਿੱਲੀ, ਭਾਰਤ ਅਗਸਤ 24, 1993

- ਅਫਸੀਆਂ 3:14-19 ਸਾਡੇ ਸਾਰਿਆਂ ਲਈ ਰਸੂਲ ਪੌਲੁਸ ਦੀ ਪ੍ਰਾਰਥਨਾ:

**ਇਸ ਕਾਰਨ ਮੈਂ ਉਸ ਪਿਤਾ ਦੇ ਅੱਗੇ ਆਪਣੇ ਗੋਡੇ ਨਿਵਾਉਂਦਾ ਹਾਂ** . . . ਭਈ ਉਹ ਆਪਣੇ ਪਰਤਾਪ ਦੇ ਧਨ ਅਨੁਸਾਰ ਤੁਹਾਨੂੰ ਇਹ ਦਾਨ ਕਰੇ ਜੋ **ਤੁਸੀਂ** ਉਹ ਦੇ ਆਤਮਾ ਦੇ ਰਾਹੀਂ ਅੰਦਰਲੀ ਇਨਸਾਨੀਅਤ ਵਿੱਚ ਸਮਰੱਥਾ ਨਾਲ **ਬਲਵੰਤ ਬਣੋ।** ਕਿ ਮਸੀਹ ਤੁਹਾਡੀਆਂ ਮਨਾਂ ਵਿੱਚ ਨਿਹਚਾ ਦੇ ਦੁਆਰਾ **ਵੱਸੇ** ਤਾਂ ਜੋ **ਪ੍ਰੇਮ ਵਿੱਚ ਗੱਡ ਕੇ ਅਤੇ ਠੁੱਕ ਕੇ**

- **ਤੁਸੀਂ** ਸਾਰੇ ਸੰਤਾਂ ਸਣੇ **ਇਸ ਗੱਲ ਨੂੰ ਚੰਗੀ ਤਰਾਂ ਸਮਝ ਸੱਕੋ** ਭਈ **ਕਿੰਨੀ ਹੀ ਚੁੜਾਈ, ਲੰਬਾਈ, ਉਚਾਈ ਅਤੇ ਡੂੰਘਾਈ ਹੈ ਅਤੇ ਮਸੀਹ ਦੇ ਪ੍ਰੇਮ ਨੂੰ** ਜੋ ਗਿਆਨ ਤੋਂ ਪਰੇ ਹੈ **ਚੰਗੀ ਤਰਾਂ ਜਾਣ ਸੱਕੋ** ਭਈ **ਤੁਸੀਂ ਪਰਮੇਸ਼ਰ ਦੀ ਸਾਰੀ ਭਰਪੂਰੀ ਤੀਕ ਭਰਪੂਰ ਹੋ ਜਾਓ।**